# ਨਹੀਂ ਰਹੀ ਹੁਣ ਉਸ ਬਾਬਾ ਬੋਹੜ ਦੀ ਛਾਂ

ਸਰਦਾਰਾ ਸਿੰਘ ਮਾਹਿਲ

ਦਸ-ਪੰਦਰਾਂ ਦੀ ਦਿਨਾਂ ਦੀ ਲਗਾਤਾਰ ਭੱਜ-ਨੱਠ ਕਾਰਨ ਥਕਾਵਟ ਨਾਲ ਸਰੀਰ ਚੂਰ-ਚੂਰ ਹੋਇਆ ਪਿਆ ਸੀ, ਇਸ ਲਈ ਰਾਤ ਨੂੰ ਖਾਣਾ ਖਾ ਕੇ ਸੌਣ ਤੋਂ ਪਹਿਲਾਂ ਮੈਂ ਫ਼ੋਨ ਬੰਦ ਕਰ ਲਿਆ ਤਾਂ ਜੁ ਰਾਤ ਨੂੰ ਕਿਸੇ ਫ਼ੋਨ ਨਾਲ ਨੀਂਦ ਖ਼ਰਾਬ ਨਾ ਹੋਵੇ। ਸਵੇਰੇ 5 ਵਜੇ ਮੈਂ ਸੈਰ ਕਰਨ ਲਈ ਨਿਕਲ ਗਿਆ। ਕਸਰਤ ਵਗੈਰਾ ਕਰਕੇ, ਚਾਹ ਪੀ ਕੇ ਫ਼ੋਨ ਸਵਿੱਚ ਔਨ ਕੀਤਾ ਤਾਂ ਫ਼ੋਨ ਦੀ ਘੰਟੀ ਵੱਜ ਪਈ। ਸਾਥੀ ਖਟਕੜ ਦਾ ਫ਼ੋਨ ਸੀ, ਉਹਨਾਂ ਬੇਹੱਦ ਦੁਖਦਾਈ ਖ਼ਬਰ ਦਿੱਤੀ, "ਗੁਰਸ਼ਰਨ ਸਿੰਘ ਹੁਰੀਂ ਨਹੀਂ ਰਹੇ।" ਇਹ ਖ਼ਬਰ ਬਹੁਤ ਅਚੰਭਾਜਨਕ ਤਾਂ ਨਹੀਂ ਸੀ, ਕਿਉਂਕਿ ਕੁਝ ਅਰਸੇ ਤੋਂ ਉਹਨਾਂ ਦੀ ਸਿਹਤ ਜ਼ਿਆਦਾ ਖਰਾਬ ਹੋ ਗਈ ਸੀ। ਸ਼ੂਗਰ ਨੇ ਉਨ੍ਹਾਂ ਦੇ ਗੁਰਦਿਆਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਸੀ ਅਤੇ ਹੁਣ ਰੋਜ਼ਾਨਾ ਉਨ੍ਹਾਂ ਦਾ ਡਾਇਲਿਸਿਸ ਕੀਤਾ ਜਾਂਦਾ ਸੀ। ਪਰ ਇਹ ਖ਼ਬਰ ਬਹੁਤ ਦੁਖਦਾਈ ਸੀ। ਇਹ ਸ਼ਹੀਦ ਭਗਤ ਸਿੰਘ ਦਾ ਜਨਮ ਦਿਨ ਸੀ ਤੇ ਇਸੇ ਦਿਨ ਭਾਅ ਜੀ ਤੁਰ ਗਏ ਸਨ। ਇਸ ਦਿਨ ਜਨਤਕ ਜਥੇਬੰਦੀਆਂ ਦੇ 'ਕਾਲੇ ਕਾਨੂੰਨਾਂ ਵਿਰੋਧੀ ਮੰਚ' ਵੱਲੋਂ ਕਾਲੇ ਕਾਨੂੰਨਾਂ ਦੀ ਵਾਪਸੀ ਲਈ ਚੰਡੀਗੜ੍ਹ ਦਾ ਘਿਰਾਉ ਰੱਖਿਆ ਹੋਇਆ ਸੀ ਤੇ ਸਾਡਾ ਵੀ ਇਸਦਾ ਜਾਇਜ਼ਾ ਲੈਣ ਲਈ ਜਾਣ ਦਾ ਪ੍ਰੋਗਰਾਮ ਸੀ। ਖਟਕੜ ਹੁਰਾਂ ਦੱਸਿਆ ਕਿ ਭਾਅ ਜੀ ਹੁਰਾਂ ਦਾ ਅੰਤਮ ਸੰਸਕਾਰ 2 ਵਜੇ ਹੈ। ਅਸੀਂ ਚੰਡੀਗੜ੍ਹ ਤਾਂ ਪਹੁੰਚ ਗਏ ਪਰ ਇਕ ਦੋਸਤ ਨੇ ਦੱਸਿਆ ਕਿ ਸਿੱਧੇ 25 ਸੈਕਟਰ, ਸਮਸ਼ਾਨਘਾਟ ਹੀ ਪਹੁੰਚਣ ਦਾ ਪ੍ਰੋਗਰਾਮ ਹੈ। ਅਸੀਂ ਥੋੜ੍ਹਾ ਪਹਿਲਾਂ ਪਹੁੰਚ ਗਏ। ਵਿਸ਼ੇਸ਼ ਬੱਸ ਵਿਚ ਭਾਅ ਜੀ ਦੀ ਫੁੱਲਾਂ ਲੱਦੀ ਦੇਹ ਲਿਆਂਦੀ ਗਈ। ਅੱਗੇ ਕੁਝ ਮੋਟਰ ਸਾਈਕਲ ਸਵਾਰ ਸਨ। ਬੱਸ ਪਿੱਛੇ ਸੀ। ਡਾ. ਸਾਹਿਬ ਸਿੰਘ ਨਾਅਰੇ ਲਗਾ ਰਹੇ ਸਨ 'ਗੁਰਸ਼ਰਨ ਸਿੰਘ ਕਿਤੇ ਨਹੀਂ ਗਏ-ਭਾਅ ਜੀ ਸਾਡੇ ਦਿਲਾਂ 'ਚ ਨੇ"। 'ਕਮਿਊਨਿਸਟ' ਧਿਰਾਂ ਦੇ ਆਗੂ, ਕੁਝ ਕਾਰਕੁੰਨ ਅਤੇ ਡੇਢ ਕੁ ਸੌ ਲੋਕ ਜੁ ਵਧੇਰੇ ਉਹਨਾਂ ਦੇ ਸ਼ਰਧਾਲੂ ਸਨ ਅਤੇ ਭਾਅ ਜੀ ਨੂੰ ਵਿਦਾ ਕਰ ਦਿੱਤਾ ਗਿਆ। ਐਲਾਨ ਕੀਤਾ ਗਿਆ ਕਿ 2 ਅਕਤੂਬਰ ਨੂੰ 34 ਸੈਕਟਰ ਵਿਚ ਉਨ੍ਹਾਂ ਦਾ ਸ਼ਰਧਾਂਜਲੀ ਸਮਾਗਮ ਹੋਵੇਗਾ।

ਗੁਰਸ਼ਰਨ ਸਿੰਘ ਜੀ ਸਿਰਫ ਇਕ ਨਾਟਕਕਾਰ ਹੀ ਨਹੀਂ ਸਨ, ਉਹ ਸਿਰਫ ਇਨਕਲਾਬੀ ਨਾਟਕਕਾਰ ਵੀ ਨਹੀਂ ਸਨ, ਬਲਕਿ ਉਹ ਇਨਕਲਾਬੀ ਲਹਿਰ ਦਾ ਥੰਮ੍ਹ ਸਨ। ਨਕਸਲਬਾੜੀ ਦੀ ਚਿਣਗ ਜਦੋਂ ਪੰਜਾਬ ਵਿਚ ਪਹੁੰਚੀ ਤਾਂ ਬਾਬਾ ਬੂਝਾ ਸਿੰਘ ਤੇ ਕਾ. ਗੰਧਰਵ ਸੈਨ ਹੁਰਾਂ ਨੂੰ ਛੱਡ ਕੇ ਕੋਈ ਵੀ ਨਾਮੀ ਕਮਿਊਨਿਸਟ ਲੀਡਰ ਨਕਸਲੀ ਲਹਿਰ ਨਾਲ ਨਹੀਂ ਆਇਆ। ਕੁਝ ਹੇਠਲੇ ਪੱਧਰ ਦੇ ਵਰਕਰ ਅਤੇ ਵਧੇਰੇ ਕਰਕੇ ਨਵੇਂ ਨੌਜੁਆਨ ਹੀ ਇਸ ਇਨਕਲਾਬੀ ਲਹਿਰ ਵਿਚ ਆਏ ਸਨ। ਇਨਕਲਾਬੀ ਲਹਿਰ ਦਾ ਕੋਈ ਜਨਤਕ ਅਤੇ ਬੁੱਧੀਜੀਵੀ ਚਿਹਰਾ ਨਹੀਂ ਸੀ। ਇਸਦਾ ਲਾਹਾ ਲੈ ਕੇ ਹਾਕਮ ਜਮਾਤਾਂ ਇਨਕਲਾਬੀਆਂ ਨੂੰ ਕਾਤਲ-ਲੁਟੇਰੇ ਸਾਬਿਤ ਕਰਨ ਦੀ ਕੋਸ਼ਿਸ਼ ਕਰ ਰਹੀਆਂ ਸਨ। ਇਸ ਸਥਿਤੀ ਵਿਚ ਲਹਿਰ ਵਿਚਲੇ ਕੁਝ

ਮੱਧਵਰਗੀ ਬੁੱਧੀਜੀਵੀ, ਗ੍ਰਿਫ਼ਤਾਰੀ ਦਾ ਡਰਾਮਾ ਰਚ ਕੇ ਪੁਲਿਸ ਅੱਗੇ ਪੇਸ਼ ਹੋ ਰਹੇ ਸਨ। ਉਸ ਸਮੇਂ ਦੋ ਵਿਅਕਤੀ ਇਨਕਲਾਬੀ ਲਹਿਰ ਲਈ ਥੰਮ੍ਹ ਬਣੇ, ਉਹ ਲਹਿਰ ਦਾ ਜਨਤਕ ਤੇ ਬੁੱਧੀਜੀਵੀ ਚਿਹਰਾ ਬਣੇ, ਇਹ ਸਨ ਭਾਅ ਜੀ ਗੁਰਸ਼ਰਨ ਸਿੰਘ ਅਤੇ ਡਾ. ਸੁਰਿੰਦਰ ਸਿੰਘ ਦੁਸਾਂਝ। ਡਾ. ਦੁਸਾਂਝ ਬਾਰੇ ਕੁਝ ਲੋਕ ਕਹਿੰਦੇ ਸਨ ਕਿ ਉਹ ਏਜੰਸੀਆਂ ਦਾ ਬੰਦਾ ਹੈ ਪਰ ਇਹੋ ਜਿਹੀ ਕੋਈ ਉਂਗਲ ਗੁਰਸ਼ਰਨ ਸਿੰਘ ਵੱਲ ਉਠਾਉਣ ਦੀ ਕਿਸੇ ਨੇ ਜੁਰਅਤ ਨਹੀਂ ਕੀਤੀ। ਇਨਕਲਾਬੀ ਲਹਿਰ ਦੇ ਖਾੜਕੂ ਪੱਖ ਦੇ ਮੱਠਾ ਪੈਣ 'ਤੇ ਦੁਸਾਂਝ ਲਹਿਰ ਤੋਂ ਕਿਨਾਰਾ ਕਰ ਗਏ। ਉਹ ਕੁਝ ਸਮਾਂ ਪ੍ਰਕਾਸ਼ ਸਿੰਘ ਬਾਦਲ ਦੇ 'ਸਲਾਹਕਾਰ' ਵੀ ਬਣੇ ਰਹੇ ਪਰ ਗੁਰਸ਼ਰਨ ਸਿੰਘ ਹੁਰੀਂ ਸਮੁੱਚੀ ਇਨਕਲਾਬੀ ਲਹਿਰ ਲਈ ਅਖੀਰ ਤੱਕ ਥੰਮ੍ਹ ਬਣੇ ਰਹੇ।

ਮੈਨੂੰ ਅੱਜ ਵੀ ਯਾਦ ਹੈ। ਤਾਰੀਖ 2 ਮਈ ਸੀ ਪਰ ਸੰਨ ਬਾਰੇ ਮੈਨੂੰ ਪੱਕਾ ਯਾਦ ਨਹੀਂ। ਸ਼ਾਇਦ 1971 ਸੀ। ਦੇਸ਼ ਭਗਤ ਯਾਦਗਾਰ ਹਾਲ ਲੇਖਕਾਂ ਦਾ ਇਕੱਠ ਸੀ। ਹੇਠਲਾ ਹਾਲ ਜਿਸ ਵਿਚ ਹੁਣ ਤਸਵੀਰਾਂ ਹਨ, ਅੱਧੋਂ ਵੱਧ ਭਰਿਆ ਹੋਇਆ ਸੀ। ਹਰ ਨਵੇਂ ਤੋਂ ਨਵੇਂ ਲੇਖਕ ਤੋਂ ਲੈ ਕੇ ਪ੍ਰੋ. ਮੋਹਨ ਸਿੰਘ, ਕੰਵਲ, ਸ਼ਿਵ ਕੁਮਾਰ ਤੱਕ ਸਭ ਮੌਜੂਦ ਸਨ। ਉਦੋਂ ਤੱਕ 'ਹੇਮ-ਜਯੋਤੀ' ਅਤੇ ਕੁਝ ਹੋਰ ਪਰਚਿਆਂ ਵਿਚ ਮੇਰੀਆਂ ਵੀ 10-15 ਕਵਿਤਾਵਾਂ ਛਪ ਚੁੱਕੀਆਂ ਸਨ। ਮੈਂ ਵੀ ਉਸ ਹਾਲ ਵਿਚ ਹਾਜ਼ਰ ਸਾਂ ਕਿਉਂਕਿ ਮੈਂ ਵੀ ਆਪਣੇ ਆਪ ਨੂੰ ਥੋੜ੍ਹਾ-ਬਹੁਤ ਕਵੀ ਸਮਝਣ ਲੱਗ ਪਿਆ ਸੀ। ਗੁਰਸ਼ਰਨ ਸਿੰਘ ਹੁਰੀਂ ਪ੍ਰਧਾਨਗੀ ਮੰਡਲ ਵਿਚ ਸਨ। ਮੁੱਦਾ ਕੇਂਦਰੀ ਲੇਖਕ ਸਭਾ ਨੂੰ ਜਥੇਬੰਦ ਕਰਨ ਦਾ ਸੀ। ਕੁਝ ਲੇਖਕ ਜਿਨ੍ਹਾਂ ਵਿਚ ਜਸਵੰਤ ਸਿੰਘ ਕੰਵਲ, ਜਗਜੀਤ ਸਿੰਘ ਆਨੰਦ, ਜਗਜੀਤ ਛਾਬੜਾ ਆਦਿਕ ਸਨ, ਉਹ ਵਿਰੋਧ ਕਰ ਰਹੇ ਸਨ। ਉਹਨਾਂ ਦਾ ਕਹਿਣਾ ਸੀ ਕਿ ਕੇਂਦਰੀ ਲੇਖਕ ਸਭਾ ਪਹਿਲਾਂ ਮੌਜੂਦ ਹੈ ਜੋ ਕਿ ਰਜਿਸਟਰਡ ਹੈ ਇਸ ਕਰਕੇ ਨਵੇਂ ਸਿਰਿਉਂ ਜਥੇਬੰਦ ਕਰਨ ਦਾ ਕੋਈ ਮਤਲਬ ਨਹੀਂ ਜਦਕਿ ਦੂਜੇ ਪਾਸਿਉਂ ਤਰਕ ਸੀ ਕਿ ਪਹਿਲਾਂ ਬਣੀ ਕੇਂਦਰੀ ਲੇਖਕ ਸਭਾ ਲੰਬੇ ਸਮੇਂ ਤੋਂ ਬੇਹਰਕਤ ਪਈ ਹੈ ਇਸ ਕਰਕੇ ਨਵੇਂ ਸਿਰਿਉਂ ਜਥੇਬੰਦ ਕਰਨ ਦੀ ਲੋੜ ਹੈ। ਪ੍ਰਧਾਨਗੀ ਮੰਡਲ ਵਿਚੋਂ ਗੁਰਸ਼ਰਨ ਭਾਅ ਜੀ ਖੜ੍ਹੇ ਹੋਏ ਤੇ ਉਨ੍ਹਾਂ ਨੇ ਆਪਣੀ ਗੜਕਦੀ-ਲਰਜ਼ਦੀ ਆਵਾਜ਼ ਵਿਚ ਕਿਹਾ, "ਜੋ ਸਾਡੇ ਨਾਲ ਨਹੀਂ ਚਲ ਸਕਦੇ, ਉਹ ਇਥੋਂ ਚਲੇ ਜਾਣ।" ਕੰਵਲ, ਆਨੰਦ ਹੁਰੀਂ ਬਾਹਰ ਆ ਗਏ ਅਤੇ ਪ੍ਰੋ. ਮੋਹਨ ਸਿੰਘ ਨੇ ਮਾਈਕ 'ਤੇ ਆ ਕੇ ਕਿਹਾ, "ਮੈਂ ਭਾਵੇਂ ਗੋਡੇ ਘਸੀਟ ਕੇ ਤੁਰਾਂ, ਮੈਂ ਤੁਹਾਡੇ ਨਾਲ ਚੱਲਣ ਦਾ ਯਤਨ ਕਰਾਂਗਾ।" ਹਾਲ ਤਾੜੀਆਂ ਨਾਲ ਗੂੰਜ ਉਠਿਆ। ਇੰਝ ਕੇਂਦਰੀ ਲੇਖਕ ਸਭਾ ਹੋਂਦ ਵਿਚ ਆਈ ਅਤੇ ਇਸਦੇ ਕਰਤਾ-ਧਰਤਾ ਗੁਰਸ਼ਰਨ ਭਾਅ ਜੀ ਹੁਰੀਂ ਸਨ। ਮੈਂ ਭਾਅ ਜੀ ਨੂੰ ਇਥੇ ਪਹਿਲੀ ਵਾਰੀ ਤੱਕਿਆ।

ਗੁਰਸ਼ਰਨ ਸਿੰਘ ਹੁਰਾਂ ਜੌਲੀ ਦੀ ਸੰਪਾਦਨਾ ਹੇਠ ਨਿਕਲਦੇ 'ਸਰਦਲ' ਦੀ ਵਾਗਡੋਰ ਸੰਭਾਲ ਲਈ ਸੀ। ਉਨ੍ਹਾਂ ਨਵੇਂ ਲੇਖਕਾਂ ਨੂੰ ਖਾਸ ਕਰਕੇ ਇਨਕਲਾਬੀ ਲੇਖਕਾਂ ਨੂੰ ਭਰਪੂਰ ਛਾਪਿਆ। ਮੇਰੀਆਂ ਕਈ ਕਵਿਤਾਵਾਂ 'ਸਰਦਲ' ਵਿਚ ਛਪੀਆਂ। ਉਦੋਂ ਗੁਰਸ਼ਰਨ ਸਿੰਘ ਹੁਰੀਂ ਗਾਂਧੀ ਗਰਾਊਂਡ ਦੇ ਓਪਨ ਏਅਰ ਥੀਏਟਰ ਵਿਚ ਵੀ ਨਾਟਕ ਕਰਿਆ ਕਰਦੇ ਸਨ। ਸ਼ਿਵ ਦੀ ਕਵਿਤਾ 'ਲੂਣਾ' 'ਤੇ ਅਧਾਰਿਤ ਨਾਟਕ ਮੈਂ ਇਥੇ ਦੇਖਿਆ। ਪਰ ਭਾਅ ਜੀ ਹੁਰਾਂ ਨਾਲ ਗੱਲਬਾਤ ਦਾ ਸਬੱਬ ਨਾ ਬਣਿਆ। ਇਹ ਸਬੱਬ 1973 ਵਿਚ ਬਣਿਆ। ਮੈਂ ਕਿਸੇ ਕੰਮ ਅੰਮ੍ਰਿਤਸਰ ਗਿਆ ਸੀ ਅਤੇ ਅਸੀਂ ਕਟੜਾ ਸ਼ੇਰ ਸਿੰਘ 'ਚ 'ਸਰਦਲ' ਦੇ ਦਫ਼ਤਰ ਗਏ। ਸ਼ਾਮ ਦਾ ਵਕਤ ਸੀ ਅਤੇ ਦਫ਼ਤਰ ਲੇਖਕਾਂ ਨਾਲ ਤੂੜਿਆ ਪਿਆ ਸੀ ਅਤੇ ਸਾਹਮਣੇ ਡਾ.

ਹਰਿਭਜਨ ਸਿੰਘ ਹੁਰਾਂ ਦੀ ਲਹਿਰਾਂਦੀ ਦਾਹੜੀ ਦਿਖ ਰਹੀ ਸੀ। ਮੈਂ ਸ਼ੁਰੂ ਤੋਂ ਬਹੁਤ ਸੰਗਾਊ ਸੁਭਾਅ ਦਾ ਸੀ। ਮੇਰੀਆਂ ਕਵਿਤਾਵਾਂ ਛਪਦੀਆਂ ਸਨ, ਪਰ ਮੈਂ ਕਦੀ ਸਟੇਜ ਤੋਂ ਕਵਿਤਾ ਨਹੀਂ ਬੋਲੀ ਸੀ। ਕਾਲਜ ਵਿਚ ਵੀ ਹੋਰ ਵਿਦਿਆਰਥੀ ਮੇਰੀਆਂ ਕਵਿਤਾਵਾਂ ਸੁਣਾ ਆਉਂਦੇ ਸਨ, ਪਰ ਮੈਂ ਕਦੀ ਸਟੇਜ 'ਤੇ ਨਹੀਂ ਗਿਆ ਸੀ। ਇਸ ਸੰਗ ਕਰਕੇ ਹੀ ਅਸੀਂ 'ਸਰਦਲ' ਦੇ ਦਫ਼ਤਰ ਦੇ ਅੰਦਰ ਨਾ ਗਏ ਅਤੇ ਬਾਹਰੋਂ ਮੁੜ ਆਏ। ਉਦੋਂ ਪ੍ਰੋ. ਪ੍ਰੀਤਮ ਸਿੰਘ ਪਰਵਾਨਾ ਅਤੇ 'ਇਕਬਾਲ' ਨਾਂ ਥੱਲੇ ਲਿਖਦੇ ਹਲਵਾਰਵੀ ਦਰਮਿਆਨ 'ਸਰਦਲ' ਵਿਚ ਸਿਧਾਂਤਕ ਬਹਿਸ ਚੱਲ ਰਹੀ ਸੀ। ਇਸ ਵਿਚ ਦਖਲ ਦਿੰਦਿਆਂ ਮੈਂ ਵੀ ਕੁਝ ਲਿਖਿਆ ਸੀ। ਉਹੀ ਪਰਵਾਨਾ ਸਾਹਿਬ ਸਾਨੂੰ ਮਿਲ ਪਏ, ਉਹ ਮੇਰਾ ਨਾਂ ਸੁਣ ਕੇ ਬਹੁਤ ਹੈਰਾਨ ਹੋਏ, "ਇਤਨੇ ਛੋਟੇ-ਛੋਟੇ ਲੋਗ, ਇਤਨੀ ਬੜੀ-ਬੜੀ ਬਾਤੇਂ ਕਰਤੇ ਹੈਂ?" ਉਨ੍ਹਾਂ ਸਾਨੂੰ ਚਾਹ ਪਿਆਈ ਤੇ ਅਸੀਂ ਇਧਰ-ਉਧਰ ਦੀਆਂ ਮਾਰ ਕੇ ਆਪਣੇ ਕੰਮ ਚਲੇ ਗਏ। ਦੋ ਦਿਨਾਂ ਬਾਅਦ ਅਜਨਾਲੇ ਵੱਲੋਂ ਵਾਪਿਸ ਆ ਕੇ ਭਾਅ ਜੀ ਹੁਰਾਂ ਨੂੰ ਉਨ੍ਹਾਂ ਦੇ ਦਫ਼ਤਰ ਵਿਚ ਮਿਲੇ। ਇਹ ਸ਼ਾਇਦ 1972 ਜਾਂ 1973 ਦੀ ਗੱਲ ਹੈ। ਸਾਖ਼ਸ਼ਾਤ ਰੂਪ ਵਿਚ ਇਹ ਮੇਰੀ ਉਨ੍ਹਾਂ ਨਾਲ ਪਹਿਲੀ ਮੁਲਾਕਾਤ ਸੀ। ਅਸੀਂ ਉਨ੍ਹਾਂ ਦੇ ਦਫ਼ਤਰ ਵਿਚ ਮਿਲੇ। ਉਦੋਂ ਉਨ੍ਹਾਂ ਨੇ 'ਬਲਰਾਜ ਸਾਹਨੀ ਯਾਦਗਾਰੀ ਘਰੇਲੂ ਪੁਸਤਕ-ਮਾਲਾ' ਨਾਂ ਦਾ ਪ੍ਰਕਾਸ਼ਨ ਸ਼ੁਰੂ ਕੀਤਾ ਸੀ। ਉਨ੍ਹਾਂ ਦਾ ਸਰਕਾਰੀ ਦਫ਼ਤਰ ਹੀ ਪ੍ਰਕਾਸ਼ਨਾ ਦਾ ਦਫ਼ਤਰ ਸੀ। ਇਹੀ ਸਟੋਰ ਸੀ। ਉਨ੍ਹਾਂ ਦੀਆਂ ਛਾਪੀਆਂ ਸਾਰੀਆਂ ਕਿਤਾਬਾਂ ਦਾ ਸਟਾਕ ਪਿਆ ਸੀ। ਉਨ੍ਹਾਂ ਸਾਰੀਆਂ ਕਿਤਾਬਾਂ ਦੀ ਇਕ-ਇਕ ਕਾਪੀ ਮੈਨੂੰ ਦਿੱਤੀ। ਅਸੀਂ ਬਹੁਤ ਦੇਰ ਗੱਲਾਂ ਕੀਤੀਆਂ। ਸਾਹਿਤ ਬਾਰੇ, ਨਾਟਕ ਬਾਰੇ, ਕਵਿਤਾ ਬਾਰੇ, ਦੋਹਾਂ ਲੇਖਕ ਸਭਾਵਾਂ ਵਿਚ ਚੱਲ ਰਹੀਆਂ ਏਕਤਾ ਵਾਰਤਾਵਾਂ ਬਾਰੇ, ਕਮਿਊਨਿਸਟ ਇਨਕਲਾਬੀ ਲਹਿਰ ਬਾਰੇ, ਅਮਰਜੀਤ ਚੰਦਨ ਦੀ ਗ੍ਰਿਫ਼ਤਾਰੀ ਬਾਰੇ, ਇਨਕਲਾਬੀ ਲਹਿਰ ਨੂੰ ਲੱਗੀਆਂ ਸੱਟਾਂ ਬਾਰੇ। ਇਸ ਦੌਰਾਨ ਉਨ੍ਹਾਂ ਸਾਨੂੰ ਕਈ ਕੱਪ ਚਾਹ ਪਿਆਈ। ਗੱਲਾਂ ਵਿਚ ਹੀ ਉਨ੍ਹਾਂ ਮੈਨੂੰ ਕਿਹਾ, "ਬਈ ਮਾਹਲ, ਤੇਰੀਆਂ ਕਵਿਤਾਵਾਂ ਹੁਣ ਕਿਤਾਬ ਜੋਗੀਆਂ ਹੋ ਗਈਆਂ ਹੋਣਗੀਆਂ, ਤੂੰ ਇਹਨਾਂ ਦਾ ਖਰੜਾ ਤਿਆਰ ਕਰ ਲੈ, ਤੇਰੀ ਵੀ ਕਿਤਾਬ ਛਾਪ ਦੇਈਏ।" ਖਰੜਾ ਤਾਂ ਮੇਰੇ ਦੋਸਤ ਹਰਜੀਤ ਅਟਵਾਲ ਨੇ ਤਿਆਰ ਕਰ ਦਿੱਤਾ ਪਰ ਮੈਂ ਇਸੇ ਸਮੇਂ ਕੁਲਵਕਤੀ ਬਣਨ ਵੱਲ ਵਧ ਰਿਹਾ ਸੀ, ਇਸ ਕਰਕੇ ਕਿਤਾਬ ਛਪਣ ਦਾ ਕੰਮ ਵਿੱਚੇ ਰਹਿ ਗਿਆ। ਮੇਰੀ ਇਹ ਕਿਤਾਬ ਹੁਣੇ ਜਿਹੇ ਚਿੰਤਨ ਪ੍ਰਕਾਸ਼ਨ ਨੇ ਛਾਪੀ। ਪਰ ਮੈਨੂੰ ਅਫ਼ਸੋਸ ਹੈ ਕਿ ਮੈਂ ਇਸਦੀ ਕਾਪੀ ਆਪਣੇ ਹੱਥੀਂ ਉਨ੍ਹਾਂ ਨੂੰ ਭੇਟ ਨਹੀਂ ਕਰ ਸਕਿਆ ਤੇ ਹੁਣ ਉਹ ਭੇਟ ਕਬੂਲਣ ਲਈ ਸਾਡੇ ਵਿਚਕਾਰ ਨਹੀਂ ਹਨ। ਉਨ੍ਹਾਂ ਨੇ ਇਨਕਲਾਬੀ ਲੇਖਕਾਂ ਅਤੇ ਇਨਕਲਾਬੀ ਲਹਿਰ ਨੂੰ ਬਹੁਤ ਸਹਾਰਾ ਦਿੱਤਾ। ਉਸ ਦੌਰ ਵਿਚ ਇਨਕਲਾਬੀ ਲਹਿਰ ਨਾਲ ਖੜ੍ਹਨਾ, ਜਦੋਂ ਝੂਠੇ ਪੁਲਿਸ ਮੁਕਾਬਲੇ ਬਣਾਏ ਜਾ ਰਹੇ ਸਨ, ਬਹੁਤ ਵੱਡੀ ਗੱਲ ਸੀ।

ਇਨਕਲਾਬੀ ਲਹਿਰ ਲਈ ਇਕ ਇਮਤਿਹਾਨੀ ਦੌਰ ਉਸ ਸਮੇਂ ਆਇਆ ਜਦੋਂ ਪੰਜਾਬ ਵਿਚ ਖਾਲਿਸਤਾਨ ਦਹਿਸ਼ਤਗਰਦੀ ਅਤੇ ਸਰਕਾਰੀ ਬੁਰਛਾਗਰਦੀ ਦਾ ਕਾਲਾ ਦੌਰ ਚੱਲ ਰਿਹਾ ਸੀ। ਜਦੋਂ ਕਿਹਾ ਜਾਂਦਾ ਸੀ ਕਿ ਭਿੰਡਰਾਂਵਾਲੇ ਨੇ ਇਕ ਹਿੱਟ-ਲਿਸਟ ਬਣਾਈ ਹੈ। ਉਨ੍ਹਾਂ ਨਾਵਾਂ ਦੀਆਂ ਪਰਚੀਆਂ ਘੜੇ ਵਿਚ ਪਾਈਆਂ ਹੋਈਆਂ ਹਨ, ਇਕ ਪਰਚੀ ਰੋਜ਼ ਕੱਢੀ ਜਾਂਦੀ ਐ ਅਤੇ ਜਿਸਦਾ ਨਾਂ ਨਿਕਲ ਆਵੇ, ਉਸਨੂੰ ਗੱਡੀ ਚਾੜ੍ਹ ਦਿੱਤਾ ਜਾਂਦਾ ਹੈ। ਉਨ੍ਹੀਂ ਦਿਨੀਂ ਭਾਅ ਜੀ ਨੇ ਇਕ ਲਘੂ ਨਾਟਕ ਲਿਖਿਆ ਅਤੇ ਜੋ 'ਸਮਤਾ' ਵਿਚ ਛਪਿਆ, ਉਸਦਾ

ਨਾਂ ਸੀ 'ਹਿੱਟ-ਲਿਸਟ'। ਖਾਲਿਸਤਾਨੀ ਕਿਸੇ ਦਾ ਰਾਤ ਨੂੰ ਬੂਹਾ ਖੜਕਾਉਂਦੇ ਹਨ। ਉਹ ਬੂਹਾ ਖੋਲ੍ਹਦਾ। ਖਾਲਿਸਤਾਨੀ ਕਹਿੰਦੇ, "ਸਾਡੀ ਹਿੱਟ-ਲਿਸਟ ਵਿਚ ਤੇਰਾ ਨਾਂ ਲਿਖਿਆ ਹੈ।" ਉਸ ਇਹ ਕਹਿੰਦਿਆਂ ਕਿ ਅਸੀਂ ਲੋਕਾਂ ਨੇ ਵੀ ਇਕ ਹਿੱਟ-ਲਿਸਟ ਬਣਾਈ ਏ ਤੇ ਕਾਗਜ਼ ਉਨ੍ਹਾਂ ਨੂੰ ਦਿੰਦਾ ਏ ਤੇ ਸਭ ਤੋਂ ਉਪਰ ਨਾਂ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਹੈ। ਉਨ੍ਹਾਂ ਦਿਨਾਂ ਵਿਚ ਅੰਮ੍ਰਿਤਸਰ ਸ਼ਹਿਰ ਵਿਚ ਰਹਿੰਦਿਆਂ, 'ਹਿੱਟ-ਲਿਸਟ' ਲਿਖਣ ਦੀ ਜੁੱਰਅਤ ਗੁਰਸ਼ਰਨ ਭਾਅ ਜੀ ਹੀ ਕਰ ਸਕਦੇ ਸਨ। ਜਦੋਂ ਦਿੱਲੀ ਤੇ ਹੋਰ ਥਾਵਾਂ ਤੇ ਸਿੱਖਾਂ ਦਾ ਕਤਲੇਆਮ ਹੋਇਆ ਤਾਂ ਉਨ੍ਹਾਂ ਨੇ ਨਾਟਕ 'ਬਾਬਾ ਬੋਲਦਾ ਹੈ' ਲਿਖਿਆ ਤੇ ਖੇਡਿਆ।

ਬਲਿਊ ਸਟਾਰ ਤੋਂ ਬਾਅਦ ਖਾਲਿਸਤਾਨੀਆਂ ਨੇ ਕਮਿਊਨਿਸਟਾਂ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ। ਪਹਿਲਾਂ ਅਰਜਨ ਸਿੰਘ ਮਸਤਾਨਾ, ਫਿਰ ਦਰਸ਼ਨ ਸਿੰਘ ਕੈਨੇਡੀਅਨ ਅਤੇ ਨੌਜਵਾਨ ਭਾਰਤ ਸਭਾ ਦੇ ਪ੍ਰਧਾਨ ਬਲਦੇਵ ਸਿੰਘ ਮਾਨ ਨੂੰ ਖਾਲਿਸਤਾਨੀਆਂ ਨੇ ਸ਼ਹੀਦ ਕਰ ਦਿੱਤਾ। ਮਾਨ ਦੀ ਸ਼ਹਾਦਤ ਸਮੇਂ ਅਸੀਂ ਜੇਲ੍ਹ 'ਚ ਸਾਂ, ਬਾਹਰ ਆ ਕੇ ਮਾਨ ਦਾ ਸ਼ਰਧਾਂਜਲੀ ਸਮਾਗਮ ਕੀਤਾ। ਇਸ ਤੋਂ ਬਾਅਦ ਮੇਰੀ ਡਿਊਟੀ ਪਾਰਟੀ ਨੇ ਅੰਮ੍ਰਿਤਸਰ ਲਗਾ ਦਿੱਤੀ। ਭਾਅ ਜੀ ਹੁਰਾਂ ਨਾਲ ਉਨ੍ਹਾਂ ਦੇ ਘਰ ਮੁਲਾਕਾਤ ਹੋਈ। ਮਾਨ ਦੀ ਸ਼ਹਾਦਤ ਨੂੰ ਲੈ ਕੇ ਉਹ ਬਹੁਤ ਦੁਖੀ ਅਤੇ ਭਾਵੁਕ ਸਨ। ਉਹ ਕਹਿ ਰਹੇ ਸਨ, ਅਸੀਂ ਇਕ ਹੀਰਾ ਗੁਆ ਲਿਆ ਹੈ। ਉਨ੍ਹਾਂ ਦੀਆਂ ਅੱਖਾਂ ਵਿਚ ਆਪ-ਮੁਹਾਰੇ ਅੱਥਰੂ ਆਈ ਜਾ ਰਹੇ ਸਨ। ਘੰਟਾ ਕੁ ਗੱਲਾਂ ਕਰਨ ਉਪਰੰਤ ਉਹ ਕੁਝ ਨਾਰਮਲ ਹੋਏ ਤੇ ਕਹਿਣ ਲੱਗੇ, "ਇਹ ਠੀਕ ਆ, ਅਸੀਂ ਸਮਝਦੇ ਆਂ ਕਿ ਤੁਸੀਂ ਇਨਕਲਾਬੀ ਲਹਿਰ ਲਈ ਜ਼ਿੰਦਗੀ ਲਾ ਰਹੇ ਹੋ, ਪਰ ਮੇਰੀ ਵੀ ਲਹਿਰ ਵਿਚ ਕੋਈ ਥਾਂ ਏ, ਮੇਰਾ ਵੀ ਤੁਹਾਡੇ 'ਤੇ ਹੱਕ ਬਣਦਾ ਏ।" ਮੈਂ ਕਿਹਾ, "ਜ਼ਰੂਰ ਭਾਅ ਜੀ, ਅਸੀਂ ਕਦੀ ਇਸ ਤੋਂ ਇਨਕਾਰੀ ਨਹੀਂ।" ਉਨ੍ਹਾਂ ਕਿਹਾ, "ਮੈਂ ਤੁਹਾਨੂੰ ਮਰਦਿਆਂ ਨਹੀਂ ਵੇਖ ਸਕਦਾ। 'ਕੱਲਿਆਂ-'ਕੱਲਿਆਂ ਹਾਲਾਤ ਦਾ ਟਾਕਰਾ ਨਹੀਂ ਕੀਤਾ ਜਾ ਸਕਦਾ। ਮੈਂ ਤੁਹਾਨੂੰ ਸਾਰਿਆਂ ਨੂੰ ਇਕ ਪਲੇਟਫਾਰਮ 'ਤੇ ਲਿਆਵਾਂਗਾ।" ਉਨ੍ਹਾਂ ਨੇ ਦੇਸ਼ਭਗਤ ਹਾਲ ਜਲੰਧਰ ਕਨਵੈਨਸ਼ਨ ਰੱਖੀ ਅਤੇ ਸਾਰੀਆਂ ਇਨਕਲਾਬੀ ਧਿਰਾਂ ਨੂੰ ਸੱਦਾ ਦਿੱਤਾ। ਨਾਗੀ-ਰੈਡੀ ਗਰੁੱਪ ਅਤੇ ਸੀ.ਟੀ. ਨੇ ਇਸਦਾ ਵਿਰੋਧ ਕੀਤਾ। ਦੋ ਧਿਰਾਂ ਤੋਂ ਛੁੱਟ ਬਾਕੀ ਸਾਰੀਆਂ ਇਨਕਲਾਬੀ ਧਿਰਾਂ ਇਸ ਵਿਚ ਸ਼ਾਮਿਲ ਹੋਈਆਂ ਅਤੇ 'ਇਨਕਲਾਬੀ ਏਕਤਾ ਕੇਂਦਰ' ਹੋਂਦ ਵਿਚ ਆਇਆ।

ਅੰਮ੍ਰਿਤਸਰ-ਗੁਰਦਾਸਪੁਰ ਦਾ ਪਾਕਿਸਤਾਨ ਬਾਰਡਰ ਨਾਲ ਇਲਾਕਾ ਖਾਲਿਸਤਾਨੀਆਂ ਦਾ ਗੜ੍ਹ ਸੀ। ਇਸ ਖੇਤਰ ਵਿਚ ਸਰਕਾਰੀ ਤੇ ਖਾਲਿਸਤਾਨੀ ਦਹਿਸ਼ਤਗਰਦੀ ਵਿਰੁੱਧ ਇਸ ਥੜ੍ਹੇ ਵੱਲੋਂ ਲਗਾਤਾਰ ਮਾਰਚ ਕਰਨਾ ਇਕ ਇਤਿਹਾਸਕ ਕਦਮ ਸੀ। ਇਹ ਮਾਰਚ ਗੁਰਦਾਸਪੁਰ ਦੇ ਪਿੰਡ ਰਣਜੀਤ ਬਾਗ ਤੋਂ ਸ਼ੁਰੂ ਹੋ ਕੇ ਬਾਰਡਰ ਦੇ ਨਾਲ ਨਰੋਟ ਜੈਮਲ ਸਿੰਘ ਥਾਣੀਂ ਹੁੰਦਾ ਹੋਇਆ, ਤਰਨਤਾਰਨ ਜ਼ਿਲ੍ਹੇ ਦੇ ਪਿੰਡ ਝਬਾਲ ਤੱਕ ਗਿਆ। ਦੋ ਥਾਵਾਂ 'ਤੇ ਇਕ ਵਡਾਲਾ ਬਾਂਗਰ (ਗੁਰਦਾਸਪੁਰ) ਵਿਚ ਖਾਲਿਸਤਾਨੀਆਂ ਨੇ ਰਾਤ ਦੇ ਪ੍ਰੋਗਰਾਮ ਵਿਚ ਗੜਬੜ ਕਰਨ ਦੀ ਕੋਸ਼ਿਸ਼ ਕੀਤੀ ਜੋ ਨਾਕਾਮ ਕਰ ਦਿੱਤੀ ਗਈ। ਦੂਸਰਾ, ਅੰਮ੍ਰਿਤਸਰ ਜ਼ਿਲ੍ਹੇ ਦੇ ਹਰਸ਼ਾ-ਛੀਨਾ ਵਿਚ ਹਥਿਆਰਬੰਦ ਖਾਲਿਸਤਾਨੀ ਗਿਰੋਹ ਨੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਪਰ ਜਦੋਂ ਸਾਹਮਣਿਉਂ ਗੋਲੀਆਂ ਚੱਲੀਆਂ ਤਾਂ ਭੱਜ ਗਏ। ਇਸੇ ਤਰ੍ਹਾਂ ਸਰਾਏ ਅਮਾਨਤ ਖਾਂ ਵਿਚ ਜਿਨ੍ਹਾਂ ਸਾਥੀਆਂ ਨੇ ਪ੍ਰੋਗਰਾਮ ਜਥੇਬੰਦ ਕੀਤਾ ਉਨ੍ਹਾਂ ਨੂੰ ਤਰਨਤਾਰਨ ਗੁਰਦੁਆਰੇ ਦੇ ਦੀਵਾਨ ਵਿਚ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ। ਇਹ ਇਨਕਲਾਬੀ ਮਾਰਚ 23 ਮਾਰਚ,

ਸ਼ਹੀਦ ਭਗਤ ਸਿੰਘ ਦੇ ਸ਼ਹੀਦ ਦਿਵਸ 'ਤੇ ਖਟਕੜ ਕਲਾਂ ਪਹੁੰਚਿਆ। ਉਥੇ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਆ ਰਿਹਾ ਸੀ। ਸੁਰੱਖਿਆ ਦੇ ਨਾਂ 'ਤੇ ਕਿਸੇ ਨੂੰ ਵੀ ਸ਼ਹੀਦ ਦੇ ਸਥਾਨ ਦੇ ਨੇੜੇ ਫਟਕਣ ਨਹੀਂ ਦਿੱਤਾ ਜਾ ਰਿਹਾ ਸੀ। ਕਾਹਮਾ ਪਿੰਡ ਤੋਂ ਇਕ ਲੰਬਾ ਜਲੂਸ ਸ਼ਹੀਦ ਨੂੰ ਸ਼ਰਧਾਂਜਲੀ ਭੇਟ ਕਰਨ ਤੁਰਿਆ। ਗੁਰਸ਼ਰਨ ਭਾਅ ਜੀ, ਡਾ. ਗਾਂਧੀ ਅਤੇ ਅਸੀਂ ਅੱਗੇ ਸਾਂ। ਪੁਲਿਸ ਨੇ ਸਾਨੂੰ ਰੋਕ ਲਿਆ। ਅਸੀਂ ਸੜਕ 'ਤੇ ਜਾਮ ਲਾ ਦਿੱਤਾ। ਪੁਲਿਸ ਅਫਸਰ ਨਾਲ ਬਹਿਸ ਕਰਦਿਆਂ ਮੈਂ ਕਿਹਾ ਕਿ ਬਰਨਾਲੇ ਨਾਲ ਭਗਤ ਸਿੰਘ ਦੀ ਕੀ ਸਾਂਝ ਹੈ, ਭਗਤ ਸਿੰਘ ਸਾਡਾ ਹੈ। ਭਾਅ ਜੀ ਨੇ ਫੱਟ ਇਸਨੂੰ ਨਾਅਰੇ ਦਾ ਰੂਪ ਦੇ ਦਿੱਤਾ, 'ਭਗਤ ਸਿੰਘ ਸਾਡਾ ਹੈ', 'ਸਾਡਾ ਹੈ-ਸਾਡਾ ਹੈ।' ਲੋਕਾਂ ਦੀ ਆਵਾਜ਼ ਸੀ। ਭਾਅ ਜੀ ਨੇ ਜੋਸ਼ ਨਾਲ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ। ਅਸੀਂ ਪੁਲਿਸ ਦਾ ਘੇਰਾ ਤੋੜ ਕੇ ਅੱਗੇ ਵਧ ਗਏ। ਸ਼ਹੀਦ ਦੇ ਬੁੱਤ 'ਤੇ ਜਾ ਕੇ ਸ਼ਰਧਾਂਜਲੀ ਭੇਟ ਕੀਤੀ। ਗੁਰਸ਼ਰਨ ਸਿੰਘ ਹੁਰਾਂ ਦਾ ਇਹ ਕੰਮ ਇਤਿਹਾਸ ਦਾ ਮੀਲ-ਪੱਥਰ ਹੈ।

ਭਾਅ ਜੀ ਹੁਰਾਂ ਨਾਲ ਜੁੜੀਆਂ ਯਾਦਾਂ ਏਨੀਆਂ ਹਨ ਕਿ ਕਿਤਾਬ ਲਿਖੀ ਜਾ ਸਕਦੀ ਹੈ। ਮੈਂ ਜਿਸ ਗੱਲ 'ਤੇ ਜ਼ੋਰ ਦੇਣਾ ਚਾਹੁੰਦਾ ਹਾਂ ਕਿ ਉਹ ਇਹ ਹੈ ਕਿ ਉਹ ਇਨਕਲਾਬੀ ਲਹਿਰ ਦਾ ਥੰਮ੍ਹ ਸਨ। ਇਨਕਲਾਬੀ ਲਹਿਰ 'ਤੇ ਉਹ ਬੋਹੜ ਵਰਗੀ ਛਾਂ ਸਨ। ਜਦੋਂ ਵੀ ਕਿਸੇ ਵੀ ਇਨਕਲਾਬੀ ਧਿਰ ਨੂੰ ਉਨ੍ਹਾਂ ਦੀ ਛਾਂ ਦੀ ਲੋੜ ਪਈ ਤਾਂ ਉਨ੍ਹਾਂ ਦੀ ਛਾਂ ਹਾਜ਼ਰ ਸੀ। ਚਾਹੇ ਪਲੇਟਫਾਰਮ ਪਾਰਟੀ ਦਾ ਹੋਵੇ ਜਾਂ ਜਨਤਕ।

ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਭਾਅ ਜੀ ਥੀਏਟਰ ਨੂੰ ਪਿੰਡਾਂ ਤੱਕ ਲੈ ਗਏ। ਪਰ ਇਸ ਲਈ ਜਿਸ ਸਾਦਗੀ ਤੇ ਜ਼ਾਬਤੇ ਦੀ ਜ਼ਰੂਰਤ ਸੀ ਉਸਨੂੰ ਗੌਲਿਆ ਨਹੀਂ ਜਾਂਦਾ। ਉਹ ਲੰਗਰ ਦੀ ਠੰਡੀ ਦਾਲ-ਰੋਟੀ ਖਾਂਦੇ ਸਨ। ਉਹ ਆਪਣੀ ਲੋਈ ਲੈ ਕੇ ਸਟੇਜ ਦੇ ਫੱਟਿਆਂ 'ਤੇ ਸੌਂ ਜਾਂਦੇ। ਜਿਹੋ ਜਿਹਾ ਵੀ ਪ੍ਰਬੰਧ ਹੁੰਦਾ, ਉਸੇ ਮੁਤਾਬਿਕ ਨਾਟਕ ਕਰਦੇ। ਕਿਸੇ ਖਾਂਦੇ-ਪੀਂਦੇ ਮੱਧਵਰਗੀ ਪਿਛੋਕੜ ਵਾਲੇ ਬੰਦੇ ਲਈ ਇਸ ਜ਼ਿੰਦਗੀ ਵਿਚ ਖਲੋਣਾ ਬੇਹੱਦ ਮੁਸ਼ਕਿਲ ਹੈ ਪਰ ਉਨ੍ਹਾਂ ਆਪਣੇ ਆਪ ਨੂੰ ਢਾਲਿਆ। ਇਸ ਢਲਾਈ ਤੋਂ ਬਿਨਾਂ 'ਥੜ੍ਹਾ ਥੀਏਟਰ' ਵਿਕਸਤ ਹੀ ਨਹੀਂ ਹੋ ਸਕਦਾ ਸੀ। ਦੂਸਰਾ, ਉਨ੍ਹਾਂ ਦਾ ਜ਼ਾਬਤਾ ਬਹੁਤ ਸਖ਼ਤ ਸੀ। ਉਨ੍ਹਾਂ ਦਾ ਕੋਈ ਕਲਾਕਾਰ ਕੋਈ ਨਸ਼ਾ ਨਹੀਂ ਕਰ ਸਕਦਾ ਸੀ। ਲਗਾਤਾਰ 10 ਦਿਨ ਦੀ ਨਾਟਕਾਂ ਦੀ ਮੁਹਿੰਮ ਦੌਰਾਨ, ਗੁਰਦਾਸਪੁਰ ਸ਼ਹਿਰ 'ਚ ਉਨ੍ਹਾਂ ਦਾ ਇਕ ਕਲਾਕਾਰ ਸ਼ੇਵ ਕਰਾਉਣ ਚਲਾ ਗਿਆ ਤਾਂ ਭਾਅ ਜੀ ਗੁੱਸੇ ਨਾਲ ਉਬਲ ਰਹੇ ਸਨ, ਸਾਡੇ ਰੋਕਦਿਆਂ ਉਨ੍ਹਾਂ ਨੇ ਕਲਾਕਾਰ ਦੇ ਚੁਪੇੜ ਜੜ ਦਿੱਤੀ। 'ਥੜ੍ਹਾ ਥੀਏਟਰ' ਤਾਂ ਹੀ ਵਿਕਸਤ ਹੋ ਸਕਿਆ।

ਇਨਕਲਾਬੀ ਸੱਭਿਆਚਾਰ ਦਾ ਜਰਨੈਲ, ਲੋਕ-ਥੀਏਟਰ ਦਾ ਸਿਪਾਹ-ਸਲਾਰ, ਲੋਕ-ਥੀਏਟਰ ਲਹਿਰ ਦਾ ਅਗਵਾਨੂੰ ਅਤੇ ਇਨਕਲਾਬੀ ਲਹਿਰ ਦਾ ਥੰਮ੍ਹ ਅੱਜ ਸਾਡੇ ਵਿਚਕਾਰ ਨਹੀਂ ਪਰ ਉਹ ਸਦਾ ਸਾਡੇ ਵਿਚਕਾਰ ਰਹਿਣਗੇ ਅਤੇ ਅਸੀਂ ਉਨ੍ਹਾਂ ਦੀ ਛਾਂ ਮਾਣਦੇ ਉਨ੍ਹਾਂ ਦੀਆਂ ਯਾਦਾਂ ਤਾਜ਼ਾ ਕਰਦੇ ਰਹਾਂਗੇ। ਯਾਦਾਂ ਦਾ ਭੰਡਾਰ ਏਨਾ ਵਿਸ਼ਾਲ ਹੈ ਕਿ ਕਦੀ ਮੁੱਕਣਾ ਨਹੀਂ।